# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 25.05.2022 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ।

ਸ਼੍ਰੀਮਤੀ ਰਮਨ ਗੋਇਲ
ਮੇਅਰ

ਡਾ: ਪਲਵੀ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਅਸ਼ੋਕ ਕੁਮਾਰ
ਸੀਨੀਅਰ ਡਿਪਟੀ ਮੇਅਰ

ਸ੍ਰ: ਹਰਮੰਦਰ ਸਿੰਘ
ਡਿਪਟੀ ਮੇਅਰ

ਸ਼੍ਰੀ ਬਲਜਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀਮਤੀ ਪ੍ਰਵੀਨ ਗਰਗ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th><u>ਏਜੰਡਾ ਆਈਟਮ ਨੰ:</u></th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>367</td><td><u>ਏਜੰਡਾ ਨੰ: 1:</u><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 12.05.2022 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 12.05.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>368</td><td><u>ਏਜੰਡਾ ਨੰ: 2:</u><br><br>ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-
<table>
<tr><th>Sr. No.</th><th>Name of Work</th><th>Estimate (in lac)</th></tr>
<tr><td>1</td><td>Rough Cost Estimate for Disposal of Rain Water by laying storm sewer from Sirki Bazar to Sanjay Tobha at Bathinda.</td><td>84.54</td></tr>
<tr><td>2</td><td>Supply of Street/ Parks Lights Maintenance material for Bathinda City</td><td>23.49</td></tr>
<tr><td>3</td><td>Supply of Trees, Shrubs and Ground Cover for Planting season 2022-2023</td><td>12.28</td></tr>
<tr><td>4</td><td>Rough Cost Estimate for Construction of SLF Bathinda</td><td>11.99</td></tr>
<tr><td>5</td><td>Repair and Renovation of Mayor House with Civil, Electrical and Public Health Works at Corporation Colony</td><td>48.43</td></tr>
<tr><td>6</td><td>S/Laying PVC Pipe 110mm dia 10 Kg and 3 Hydent from STP to Kuda Store near Sullage Carrier</td><td>3.62</td></tr>
<tr><td>7</td><td>Supply and erection of LED Post Top lights with Poles from Paras Ram under bridge to Sandeep Singh Chowk and upto Street No. 1</td><td>19.42</td></tr>
</table>
ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਲੜੀ ਨੰਬਰ 1, 4 ਅਤੇ 6 ਤੇ ਦਰਜ਼ ਕੰਮ ਫਾਇਨਾਂਸ ਕਮਿਸ਼ਨ ਪਾਸੋਂ ਪ੍ਰਾਪਤ ਗਰਾਂਟ ਵਿੱਚੋਂ ਕਰਵਾਏ ਜਾਣ।</td></tr>
<tr><td>3</td><td>369</td><td><u>ਏਜੰਡਾ ਨੰਬਰ 3 :</u><br><br>ਰਿਪੋਰਟ ਵਰਕਸ ਸ਼ਾਖਾ ਕਿ Extension and Augmentation of K-Point Disposal on Power House Road at Bathinda ਦੇ ਮੁਬਲਿਗ 47.57 ਲੱਖ ਰੁਪਏ ਦੇ ਟੈਂਡਰ ਮਿਤੀ 04.05.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:</td><td></td></tr>
</table>

<table>
<tr>
<td></td>
<td></td>
<td>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>The Jamuna Co-op L/C Society Ltd.</td><td>(+) 8.86%</td><td>5178470/20</td></tr>
<tr><td>2.</td><td>The Bhagu Road Co-op L/C Society Ltd.</td><td>(-) 4.12%</td><td>4561011/60</td></tr>
<tr><td>3.</td><td>The Rajiv Co-op L/C Society Ltd.</td><td>(-) 2.02%</td><td>4660908/60</td></tr>
</table>
ਉਪਰੋਕਤ ਅਨੁਸਾਰ The Bhagu Road Co-op L/C Society Ltd. ਦੇ (-) 4.12% ਲੈਸ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਇਹ ਕੰਮ ਫਾਇਨਾਂਸ ਕਮਿਸ਼ਨ ਪਾਸੋਂ ਪ੍ਰਾਪਤ ਗਰਾਂਟ ਵਿੱਚੋਂ ਕਰਵਾਇਆ ਜਾਵੇ।</td>
</tr>
<tr>
<td>4</td>
<td>370</td>
<td><u>ਏਜੰਡਾ ਨੰਬਰ 4 :</u><br><br>ਰਿਪੋਰਟ ਸਟੋਰਕੀਪਰ ਕਿ ਸ਼ਹੀਦ ਭਗਤ ਸਿੰਘ ਪਾਰਕ ਕਮੇਟੀ, ਪੁਖਰਾਜ ਕਲੋਨੀ ਵੱਲੋਂ ਬੇਨਤੀ ਪੱਤਰ ਨੰ: Spl 2 ਮਿਤੀ 01.04.2022 ਨੂੰ ਪ੍ਰਾਪਤ ਹੋਇਆ ਹੈ। ਸ਼ਹੀਦ ਭਗਤ ਸਿੰਘ ਪਾਰਕ ਕਮੇਟੀ, ਪੁਖਰਾਜ ਕਲੋਨੀ ਵਿੱਚ ਕੋਈ ਵੀ ਵਾਟਰ ਕੂਲਰ ਨਹੀਂ ਹੈ। ਗਰਮੀ ਦਾ ਮੌਸਮ ਸ਼ੁਰੂ ਹੋ ਗਿਆ ਹੈ। ਵਾਟਰ ਕੂਲਰ ਨਾ ਹਣ ਕਾਰਨ ਪਾਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਪੀਣ ਵਾਲਾ ਪਾਣੀ ਨਾ ਹੋਣ ਕਾਰਨ ਬਹੁਤ ਪਰੇਸ਼ਾਨੀ ਆਉਂਦੀ ਹੈ। ਇਸ ਪਾਰਕ ਵਿੱਚ ਬੱਚਿਆਂ ਲਈ ਲਾਇਬਰੇਰੀ ਸੈਂਟਰ ਹੋਣ ਕਾਰਨ ਬੱਚਿਆਂ ਅਤੇ ਆਮ ਪਬਲਿਕ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਇਸ ਲਈ ਪਾਰਕ ਕਮੇਟੀ ਵੱਲੋਂ ਪ੍ਰਾਪਤ ਬੇਨਤੀ ਅਨੁਸਾਰ ਨਵੇਂ ਵਾਟਰ ਕੂਲਰ ਅਤੇ ਆਰ.ਓ. ਸਿਸਟਮ ਦੀ ਖਰੀਦ ਕਰਨ ਤੇ 82,000/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ “May forward to F&CC for approval of Estimate for purchase of Water Cooler with R.O. System. Purchase of Water Cooler will be made through online bidding through GEM Portal as per Govt. guidelines”. ਉਕਤ ਅਨੁਸਾਰ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ। ਇਹ ਵਾਟਰ ਕੂਲਰ ਲਾਇਬਰੇਰੀ ਸੈਂਟਰ ਦੇ ਵਿੱਚ ਲਗਾਇਆ ਜਾਵੇ ਤਾਂ ਜੋ ਲਾਇਬਰੇਰੀ ਵਿੱਚ ਆਉਣ ਵਾਲੇ ਬੱਚਿਆਂ ਅਤੇ ਵਿਅਕਤੀਆਂ ਨੂੰ ਪੀਣ ਵਾਲੇ ਪਾਣੀ ਦੀ ਸੁਵਿਧਾ ਮਿਲ ਸਕੇ।<br>ਮਜ਼ੀਦ ਪਾਸ ਕੀਤਾ ਗਿਆ ਕਿ ਇੱਕ ਵਾਟਰ ਕੂਲਰ ਦਾਦੀ ਪੋਤੀ ਪਾਰਕ ਵਿੱਚ ਬਣੀ ਲਾਇਬਰੇਰੀ ਦੇ ਵਿੱਚ ਵੀ ਲਗਵਾਇਆ ਜਾਵੇ। ਇਸ ਤਰ੍ਹਾਂ ਕੁੱਲ ਦੋ ਵਾਟਰ ਕੂਲਰਾਂ ਤੇ ਆਉਣ ਵਾਲਾ ਖਰਚੇ 82000 x 02 = 164000/- ਰੁਪਏ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।</td>
</tr>
<tr>
<td>5</td>
<td>371</td>
<td><u>ਏਜੰਡਾ ਨੰਬਰ 5 :</u><br><br>ਰਿਪੋਰਟ ਸਟੋਰਕੀਪਰ ਕਿ ਬਾਗਬਾਨੀ ਸ਼ਾਖਾ ਵੱਲੋਂ 2 ਵਾਟਰ ਕੂਲਰ ਸਮੇਤ ਆਰ.ਓ. ਸਿਸਟਮ ਰੋਜ਼ ਗਾਰਡਨ ਅਤੇ ਇੱਕ ਵਾਟਰ ਕੂਲਰ ਸਮੇਤ ਆਰ.ਓ. ਸਿਸਟਮ ਜੋਗਰ ਪਾਰਕ ਵਿਖੇ ਕੰਨਟੀਨ ਕੋਲ ਨਵੇਂ ਲਗਵਾਉਣ ਦੀ ਮੰਗ ਕੀਤੀ ਗਈ ਹੈ। ਪਹਿਲਾਂ ਜੋ ਵਾਟਰ ਕੂਲਰ ਲੱਗੇ ਹੋਏ ਹਨ, ਉਹ ਕਾਫੀ ਪੁਰਾਣੇ ਹਨ ਅਤੇ ਬਾਰ-ਬਾਰ ਖਰਾਬ ਹੋ ਜਾਂਦੇ ਹਨ। ਜਿਸ ਕਾਰਨ ਆਮ ਪਬਲਿਕ ਨੂੰ ਪੀਣ ਵਾਲੇ ਪਾਣੀ ਸਬੰਧੀ ਦਿੱਕਤ ਆਉਂਦੀ ਹੈ। ਇਸ ਲਈ ਪਬਲਿਕ ਦੀਆਂ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ 3 ਵਾਟਰ ਕੂਲਰ ਸਮੇਤ ਆਰ.ਓ. ਸਿਸਟਮ ਦੀ ਖਰੀਦ ਕੀਤੀ ਜਾਣੀ ਹੈ। ਜੈਮ ਪੋਰਟਲ ਤੇ ਇੱਕ ਵਾਟਰ ਕੂਲਰ 150 ਲੀਟਰ ਦੀ ਕੀਮਤ 90,000/- ਰੁਪਏ ਅਤੇ ਆਰ.ਓ. ਸਿਸਟਮ ਦੀ ਕੀਮਤ 28,000/- ਰੁਪਏ ਹੈ। ਇੱਕ ਵਾਟਰ ਕੂਲਰ ਸਮੇਤ ਆਰ.ਓ. ਸਿਸਟਮ 1,18,000/- ਰੁਪਏ ਦੇ ਲਗਭਗ ਹੈ। ਇਸ ਤਰ੍ਹਾਂ 3 ਵਾਟਰ ਕੂਲਰ ਸਮੇਤ ਆਰ.ਓ. ਲਗਵਾਉਣ ਤੇ 1,18,000*3=3,54,000/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ।ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ “May forward to F&CC for approval of</td>
<td></td>
</tr>
</table>

<table>
<tr><td></td><td></td><td>Estimate for purchase of 2 No. Water Cooler with R.O. System (capacity 150 litre/hr) at Jogger Park and Rose Garden. Purchase will be made through GEM Portal as per Govt. guidelines". ਉਕਤ ਅਨੁਸਾਰ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>6</td><td>372</td><td><u>ਏਜੰਡਾ ਨੰਬਰ 6 :</u><br><br>ਰਿਪੋਰਟ ਵਰਕਸ ਸ਼ਾਖਾ ਕਿ Hiring of 1 Nos. of JCB Machine including 1 JCB Operator, 1 Technician, 1 Plant Operator, 4 Nos. of Helper of Rotary Trommel Plant Site near STP period of one year including 2 Watchman/ Guard, 2 Safai Sewak ਦੇ ਮੁਬਲਿਗ 33.90 ਲੱਖ ਰੁਪਏ ਦੇ ਟੈਂਡਰ ਮਿਤੀ 12.04.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:<br><br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>Davinder Kumar Contractor</td><td>(-) 10.90%</td><td>3020490/-</td></tr>
<tr><td>2.</td><td>Sita Ram Contractor</td><td>(-) 8.25%</td><td>3110325/-</td></tr>
<tr><td>3.</td><td>Ashok Kumar Aggarwal</td><td>(-) 1.10%</td><td>3352710/-</td></tr>
</table>
<br>ਉਪਰੋਕਤ ਅਨੁਸਾਰ Davinder Kumar Contractor ਦੇ ਰੇਟ ਘੱਟ ਹਨ। ਠੇਕੇਦਾਰ ਵੱਲੋਂ (-) 10.90% ਲੈਸ ਭਰੇ ਗਏ ਹਨ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਫਰਮ ਵੱਲੋਂ ਓਵਰਆਲ 10.90% ਲੈਸ ਰੇਟ ਪਾਇਆ ਗਿਆ ਹੈ, ਜਦੋਂ ਕਿ ਲੇਬਰ ਨੂੰ ਅਦਾਇਗੀ ਡੀ.ਸੀ. ਰੇਟ ਤੋਂ ਘੱਟ ਨਹੀਂ ਕੀਤੀ ਜਾ ਸਕਦੀ। ਇਸ ਲਈ ਫਰਮ ਨੂੰ ਪੱਤਰ ਲਿਖਿਆ ਗਿਆ ਕਿ ਜੇਕਰ ਉਸ ਵੱਲੋਂ ਲੇਬਰ ਨੂੰ ਅਦਾਇਗੀ ਪੂਰੇ ਰੇਟ ਤੇ ਕੀਤੀ ਜਾਂਦੀ ਹੈ ਤਾਂ ਹੀ ਇਹ ਟੈਂਡਰ ਵਿਚਾਰਿਆ ਜਾ ਸਕਦਾ ਹੈ। ਜੇਕਰ ਫਰਮ ਇਸ ਸਬੰਧੀ ਅੰਡਰਟੇਕਿੰਗ ਦਿੰਦੀ ਹੈ ਤਾਂ ਕੇਸ ਪ੍ਰਵਾਨਗੀ ਲਈ ਐਫ.ਐਂਡ ਸੀ.ਸੀ. ਪਾਸ ਭੇਜਿਆ ਜਾ ਸਕਦਾ ਹੈ। ਇਸ ਸਬੰਧੀ ਫਰਮ ਵੱਲੋਂ ਪੱਤਰ ਮਿਤੀ 26.04.2022 ਰਾਹੀਂ ਲਿਖ ਕੇ ਜਵਾਬ ਦਿੱਤਾ ਗਿਆ ਕਿ ਉਸ ਵੱਲੋਂ ਪੂਰੇ ਡੀ.ਸੀ. ਰੇਟਾਂ ਤੇ ਲੇਬਰ ਨੂੰ ਅਦਾਇਗੀ ਕੀਤੀ ਜਾਵੇਗੀ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਸਬੰਧਤ ਠੇਕੇਦਾਰ ਪਾਸੋਂ ਲੇਬਰ ਨੂੰ ਡੀ.ਸੀ. ਰੇਟਾਂ ਅਨੁਸਾਰ ਪੂਰੀ ਅਦਾਇਗੀ ਕਰਨ ਲਈ ਹਲਫੀਆ ਬਿਆਨ ਲੈ ਲਿਆ ਜਾਵੇ। ਇਸ ਉਪਰੰਤ ਹੀ ਠੇਕੇਦਾਰ ਨੂੰ ਅਲਾਟਮੈਂਟ ਪੱਤਰ ਜਾਰੀ ਕੀਤਾ ਜਾਵੇ।</td></tr>
<tr><td>7</td><td>373</td><td><u>ਏਜੰਡਾ ਨੰਬਰ 7 :</u><br><br>ਰਿਪੋਰਟ ਵਰਕਸ ਸ਼ਾਖਾ ਕਿ Construction of Shed Back side Bus Stand for Vegetable and Fruit Market ਦੇ ਕੰਮ ਦਾ ਵਰਕ ਆਰਡਰ ਇਸ ਦਫਤਰ ਦੇ ਪੱਤਰ ਨੰ: 177/ਵ ਮਿਤੀ 08.09.2021 ਰਾਹੀਂ Gupta Construction ਨੂੰ ਜਾਰੀ ਕੀਤਾ ਗਿਆ ਸੀ। ਉਕਤ ਸਾਈਟ ਉਪਰ ਸ਼ੈਡ ਬਨਾਉਣ ਦਾ ਕੰਮ ਸ਼ੁਰੂ ਕਰਨ ਸਮੇਂ Vegetable and Fruit Market Sellers ਵੱਲੋਂ ਕਾਫੀ ਵਿਰੋਧ ਕੀਤਾ ਗਿਆ, ਜਿਸ ਕਾਰਨ ਇਹ ਕੰਮ ਸ਼ੁਰੂ ਨਹੀਂ ਹੋ ਸਕਿਆ। ਇੱਥੇ ਇਹ ਦਸਣਯੋਗ ਹੈ ਕਿ ਉਕਤ ਕੰਮ ਸਬੰਧੀ ਕੋਰਟ ਕੇਸ ਵੀ ਚੱਲ ਰਿਹਾ ਹੈ। ਇਸ ਲਈ ਯੋਗ ਹੋਵੇਗਾ ਕਿ ਉਕਤ ਕੰਮ ਨੂੰ ਕੈਂਸਲ ਕਰ ਦਿੱਤਾ ਜਾਵੇ।</td><td></td></tr>
</table>

| | | | |
|---|---|---|---|
| | | ਮਾਨਯੋਗ ਅਦਾਲਤ ਵਿਖੇ ਚੱਲ ਰਹੇ ਕੇਸ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਸਬਜੀ ਮੰਡੀ ਵਾਲੀ ਜਗ੍ਹਾ ਤੇ 7 ਥੜ੍ਹਾ ਮਾਲਕਾਂ ਵੱਲੋਂ ਲੋਕ ਅਦਾਲਤ ਵਿਖੇ ਕੇਸ ਦਾਇਰ ਕੀਤੇ ਹੋਏ ਹਨ।<br>ਉਕਤ ਸਬੰਧੀ ਨਿਗਰਾਨ ਇੰਜੀਨੀਅਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "As per report of XEN, the above said work has to be cancelled. May forward to F&CC for approval, please.<br>ਉਕਤ ਅਨੁਸਾਰ ਕੰਮ ਨੂੰ ਕੈਂਸਲ ਕਰਨ ਅਤੇ Gupta Construction ਫਰਮ ਦੀ EMD ਮੁਬਲਿਗ 1,96,200/- ਰੁਪਏ ਅਤੇ ਉਕਤ ਕੰਮ ਦੀ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਪ੍ਰਾਪਤ ਗਰਾਂਟ 40.00 ਲੱਖ ਰੁਪਏ ਸਬੰਧਤ ਵਿਭਾਗ ਪਾਸ ਵਾਪਸ ਕਰਨ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **Gupta Construction ਨੂੰ EMD ਮੁਬਲਿਗ 1,96,200/- ਰਪਏ ਵਾਪਸ ਕਰਨਾ ਪ੍ਰਵਾਨ ਕੀਤਾ ਜਾਂਦਾ ਹੈ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਇਸ ਕੰਮ ਸਬੰਧੀ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਪ੍ਰਾਪਤ ਗਰਾਂਟ ਸਬੰਧਤ ਮਹਿਕਮੇ ਨੂੰ ਵਾਪਸ ਨਾ ਕੀਤੀ ਜਾਵੇ।** |
| 8 | 374 | **ਏਜੰਡਾ ਨੰਬਰ 8 :**<br>ਦਫਤਰੀ ਰਿਪੋਰਟ ਕਿ ਮਾਨਯੋਗ ਚੀਫ ਸੈਕ੍ਰੇਟਰੀ ਪੰਜਾਬ ਜੀ ਦੇ ਹੁਕਮ PERS-IASOP/T/1/2022-3-S/453 ਮਿਤੀ 24.04.2022 ਰਾਹੀਂ Smt. Palavi IAS ਜੀ ਦੀ ਤੈਨਾਤੀ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਕਮਿਸ਼ਨਰ ਕੀਤੀ ਗਈ ਹੈ। ਇੱਥੇ ਇਹ ਦਸਣਯੋਗ ਹੈ ਕਿ ਕਮਿਸ਼ਨਰ, ਨਗਰ ਨਿਗਮ ਬਠਿੰਡਾ ਕੋਲ ਮੌਜੂਦਾ ਸਮੇਂ ਕੋਈ ਗੱਡੀ ਨਹੀਂ ਹੈ। ਨਗਰ ਨਿਗਮ ਬਠਿੰਡਾ ਵਿਖੇ ਦੋ ਇਨੋਵਾ ਅਤੇ ਦੋ ਬੋਲੈਰੋ ਗੱਡੀਆਂ ਦੀ ਖਰੀਦ/ ਕਿਰਾਏ ਤੇ ਲੈਣ ਦੀ ਪ੍ਰਕ੍ਰਿਆ ਜਨਰਲ ਹਾਊਸ ਪਾਸ ਵਿਚਾਰ ਅਧੀਨ ਹੈ। ਮਾਨਯੋਗ ਜਨਰਲ ਹਾਊਸ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਗੱਡੀਆਂ ਖਰੀਦ/ ਕਿਰਾਏ ਤੇ ਨਹੀਨ ਲਈਆਂ ਜਾ ਸਕਦੀਆਂ। ਬਾਜਾਰ ਵਿੱਚੋਂ ਟੈਕਸੀ ਸਟੈਂਡਾਂ ਤੋਂ ਰੇਟ ਪਤਾ ਕੀਤੇ ਗਏ, ਜਿਸ ਵਿੱਚ ਇਨੋਵਾ ਗੱਡੀ ਦੇ ਰੇਟ 1500/- ਰੁਪਏ ਪ੍ਰਤੀ ਦਿਨ ਸਮੇਤ ਡਰਾਈਵਰ ਪ੍ਰਾਪਤ ਹੋਏ ਹਨ। ਗੱਡੀ ਵਿੱਚ ਪੈਣ ਵਾਲੇ ਡੀਜ਼ਲ ਦਾ ਖਰਚਾ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ, ਜਿਸਦੀ ਲਾਗਬੁੱਕ ਡਰਾਈਵਰ ਵੱਲੋਂ ਮੈਨਟੇਨ ਕੀਤੀ ਜਾਵੇਗੀ। ਇਸ ਲਈ ਗੱਡੀ ਸਮੇਤ ਡਰਾਈਵਰ ਤੇ ਲਗਭਗ 45000/- ਰੁਪਏ ਪ੍ਰਤੀ ਮਹੀਨਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਜਿੰਨ੍ਹਾਂ ਸਮਾਂ ਗੱਡੀਆਂ ਦੀ ਖਰੀਦ/ ਕਿਰਾਏ ਤੇ ਲੈਣ ਦੀ ਪ੍ਰਕਿਰਿਆ ਮੁਕੰਮਲ ਨਹੀਂ ਹੁੰਦੀ, ਉਦੋਂ ਤੱਕ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਲਈ ਇੱਕ ਇਨੋਵਾ ਗੱਡੀ ਉਕਤ ਰੇਟਾਂ ਤੇ ਹਾਇਰ ਕਰ ਲੈਣਾ ਯੋਗ ਹੋਵੇਗਾ। ਗੱਡੀ ਹਾਇਰ ਕਰਨ ਅਤੇ ਉਕਤ ਅਨੁਸਾਰ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 9 | 375 | **ਏਜੰਡਾ ਨੰ: 9:**<br>ਰਿਪੋਰਟ ਸਿਹਤ ਸ਼ਾਖਾ ਕਿ Empanelment as Waste ManagementAgency for Managing Plastic Waste ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ Indian Pollution Control Association (IPCA) ਨਾਮ ਦੀ NGO ਵੱਲੋਂ EPR (Extended Producer Responsibility) ਅਧੀਨ ਸ਼ਹਿਰਵਿੱਚੋਂ ਪਲਾਸਟਿਕ ਇੱਕਠਾ ਕਰਨ ਦੀ ਪ੍ਰਵਾਨਗੀ ਲੈਣ ਲਈ ਬੇਨਤੀ ਕੀਤੀ ਗਈ ਹੈ।<br>ਇਹ ਕਿ ਉਕਤ ਸੰਸਥਾਂ ਨੂੰ ਨਗਰ ਨਿਗਮ ਮੁਹਾਲੀ ਦੇ ਆਧਾਰ ਤੇ ਬਠਿੰਡਾ ਸ਼ਹਿਰ ਵਿੱਚੋਂ ਪਲਾਸਟਿਕ ਚੁੱਕਣਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਨਗਰ ਨਿਗਮ ਮੁਹਾਲੀ ਵੱਲੋਂ ਰੈਮੀਡੇਸ਼ਨਦਾ ਕੰਮ Ecostan Infra Put. Ltd. # 11106 (11th Floor), Tower-Alpine Maagun Mywood, Greater Noida West, Gautam Buddha Nagar (UP) ਨੂੰ ਦਿੱਤਾ ਗਿਆ ਹੈ। ਇਸ ਕੰਪਨੀ ਦੀ ਬੇਨਤੀ ਨੂੰ ਆਧਾਰ ਬਣਾ ਕੇ ਨਗਰ ਨਿਗਮ ਮੋਹਾਲੀ ਵੱਲੋਂ ਇਹ ਕੰਮ Indian Pollution control Association (IPCA) ਨੂੰ ਦਿੱਤਾ ਗਿਆ ਹੈ। ਨਗਰ ਨਿਗਮ ਬਠਿੰਡਾ ਵੱਲੋਂ ਰੈਮੀਡੇਸ਼ਨ ਦਾ ਕੰਮ ਖੁੱਦ ਹੀ ਕੀਤਾ ਜਾ ਰਿਹਾ ਹੈ। ਇਸ | |

| | | | |
|---|---|---|---|
| | | ਲਈ ਇਸ ਕੰਮ ਨੂੰ ਦੇਣ ਲਈ ਕਿਸੇ ਕੰਪਨੀ ਦੀ ਪ੍ਰਵਾਨਗੀ ਦੀ ਲੋੜ੍ਹ ਨਹੀਂ ਹੈ।<br>ਇਹ ਕਿ ਇਹ ਕੰਮ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਵੀ Indian Pollution Control Association (IPCA) ਨੂੰ ਦਿੱਤਾ ਗਿਆ ਹੈ। ਨਗਰ ਨਿਗਮ ਅੰਮ੍ਰਿਤਸਰ ਦੀ ਤਰਜ਼ ਤੇ ਸ਼ਹਿਰ ਵਿੱਚੋਨ ਪਲਾਸਟਿਕ ਇੱਕਠਾ ਕਰਨ ਦਾ ਕੰਮ Indian Pollution Control Association (IPCA) ਨੂੰ ਦਿੱਤਾ ਜਾ ਸਕਦਾ ਹੈ ਜਾਂ ਇੱਕ MOU ਕਰਕੇ ਇਹ ਕੰਮ ਨਗਰ ਨਿਗਮ ਬਠਿੰਡਾ ਵੱਲੋਂ Indian Pollution Control Association (IPCA) ਨੂੰ ਦਿੱਤਾ ਜਾ ਸਕਦਾ ਹੈ।<br>ਨਾਲ ਨੱਥੀ :<br>1. ਨਗਰ ਨਿਗਮ ਮੋਹਾਲੀ ਦਾ ਪੱਤਰ ਨੰਬਰ 894 ਮਿਤੀ 20.08.2021<br>2. ਨਗਰ ਨਿਗਮ ਰੂਪਨਗਰ ਦਾ ਪੱਤਰ ਨੰਬਰ 4160 ਮਿਤੀ 14.12.2021<br>3. ਨਗਰ ਨਿਗਮ ਅੰਮ੍ਰਿਤਸਰ ਦਾ ਪੱਤਰ ਨੰਬਰ ਐਚ/1115 ਮਿਤੀ 27.12.2021<br>4. ਨਗਰ ਨਿਗਮ ਬਠਿੰਡਾ ਅਤੇ ਉਕਤ ਸੰਸਥਾਂ ਵਿੱਚ ਕਰਨ ਲਈ MOU ਦਾ ਡਰਾਫਟ<br>ਇਸ ਕੰਪਨੀ ਦੇ ਮੁਤਾਬਿਕ ਇਹ ਕੰਪਨੀ M/s. Indian Pollution Control Association, Plastic Waste Registration Rule 13 ਅਧੀਨ ਪਲਾਸਟਿਕ ਵੇਸਟ ਮੈਨੇਜ਼ਮੈਂਟ ਰੂਲਜ਼-2016 ਰਜਿਸਟਰਡ ਹੈ। ਇਸਦਾ ਰਜਿਸਟਰੇਸ਼ਨ ਨੰਬਰ UPPCB/2021/12928615PWM00 Dated 28.07.202 ਹੈ।<br>ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ This work is urgent and relates to RDF (Plastic Waste). ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

**ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਵੱਲੋਂ ਬਣਾਏ ਗਏ ਤਖਮੀਨੇ ਤਕਨੀਕੀ ਸਟਾਫ ਪਾਸੋਂ ਹਰ ਪੱਖੋਂ ਚੈਕ ਕਰਨ ਉਪਰੰਤ ਉਹਨਾਂ ਨੂੰ ਪਾਸ ਕਰਨ ਦੀ ਸਿਫਾਰਸ਼ ਸਹਿਤ ਹੀ ਭੇਜੇ ਜਾਣ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**